

ਪਟਿਆਲਾ ਅਜੀਤ
ਅਜੀਤ, ਚੰਡੀਗੜ੍ਹ
ਬੁੱਧਵਾਰ, 29 ਅਕਤੂਬਰ 2025
7



# ਨਾਭਾ ਬਾਈਪਾਸ ਸੜਕ 'ਤੇ ਵਾਪਰ ਰਹੇ ਸੜਕੀ ਹਾਦਸਿਆਂ ਨੂੰ ਲੈ ਕੇ ਲੋਕਾਂ 'ਚ ਰੋਸ

## ਸੀਨੀਅਰ ਕੌਂਸਲਰ ਅਸ਼ੋਕ ਬਿੱਟੂ ਬਾਈਪਾਸ ਸੜਕ 'ਤੇ ਹਾਦਸੇ ਦੌਰਾਨ ਹੋਏ ਜ਼ਖ਼ਮੀ

ਨਾਭਾ, 28 ਅਕਤੂਬਰ (ਜਗਨਾਰ ਸਿੰਘ ਦੁਲੱਦੀ)-ਨਾਭਾ ਬਾਈਪਾਸ ਸੜਕ 'ਤੇ ਵਾਪਰ ਰਹੇ ਹਾਦਸਿਆਂ ਨੂੰ ਲੈ ਕੇ ਲੋਕਾਂ ਵਿਚ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ, ਕਿਉਂ ਜੋ ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀ ਰੋਜ਼ਾਨਾ ਹੀ ਬਾਈਪਾਸ ਸੜਕ ਤੋਂ ਲੰਘਦੇ ਹਨ ਦੇ ਬਾਵਜੂਦ ਇਸ ਬਾਈਪਾਸ ਸੜਕ 'ਤੇ ਵਾਪਰ ਰਹੇ ਹਾਦਸਿਆਂ ਵੱਲ ਕੋਈ ਵੀ ਅਧਿਕਾਰੀ ਧਿਆਨ ਨਹੀਂ ਦੇ ਰਿਹਾ। ਪਿਛਲੇ ਕਰੀਬ ਇਕ ਹਫ਼ਤੇ ਦੌਰਾਨ ਇਸ ਸੜਕ ਤੇ ਤਿੰਨ ਵਿਅਕਤੀਆਂ ਦੀਆਂ ਜਾਨਾਂ ਚਲੀਆਂ ਗਈਆਂ ਹਨ ਤੇ ਕੱਲ੍ਹ ਦੇਰ ਸ਼ਾਮ ਨਾਭਾ ਦੇ ਸੀਨੀਅਰ ਕੌਂਸਲਰ ਅਸ਼ੋਕ ਕੁਮਾਰ ਬਿੱਟੂ ਵੀ ਇਕ ਹਾਦਸੇ ਦਾ ਸ਼ਿਕਾਰ ਹੋ ਗਏ ਹਨ ਜਿਸ ਦੌਰਾਨ ਉਹ ਗੰਭੀਰ ਫੱਟੜ ਹੋ ਗਏ ਸਨ। ਪਿਛਲੇ ਦਿਨੀਂ ਬਾਈਪਾਸ ਸੜਕ 'ਤੇ ਵਾਪਰੇ ਇਕ ਸੜਕ ਹਾਦਸੇ ਦੌਰਾਨ ਨੌਂ ਸਾਲਾਂ ਦੇ ਇਕ ਬੱਚੇ ਦੀ ਵੀ ਜਾਨ ਚਲੀ ਗਈ ਸੀ। ਸੀਨੀਅਰ ਕੌਂਸਲਰ ਅਸ਼ੋਕ ਕੁਮਾਰ ਬਿੱਟੂ ਨੇ ਕਿਹਾ ਕਿ ਇਸ ਬਾਈਪਾਸ ਸੜਕ 'ਤੇ ਜਿੱਥੇ ਆਵਾਜਾਈ ਬਹੁਤ ਹੀ ਜ਼ਿਆਦਾ ਵਧ ਗਈ ਹੈ ਉੱਥੇ ਸੜਕਾਂ ਕਿਨਾਰੇ ਖੜੀਆਂ ਰੇੜੀਆਂ, ਸੜਕ 'ਤੇ ਕੀਤੇ ਨਾਜਾਇਜ਼ ਕਬਜ਼ੇ ਵੀ ਹਾਦਸਿਆਂ ਦਾ ਕਾਰਨ ਬਣ ਰਹੇ ਹਨ। ਅਸ਼ੋਕ ਬਿੱਟੂ ਨੇ ਮੰਗ ਕਰਦਿਆਂ ਕਿਹਾ ਕਿ ਨਾਭਾ ਬਾਈਪਾਸ ਸੜਕ ਤੋਂ ਤੁਰੰਤ ਨਾਜਾਇਜ਼ ਕਬਜ਼ੇ ਹਟਵਾਏ ਜਾਣ ਅਤੇ ਬਾਈਪਾਸ ਸੜਕ ਕਿਨਾਰੇ ਖੜੀਆਂ ਰੇਹੜੀਆਂ ਵੀ ਹਟਵਾਈਆਂ ਜਾਣ, ਤਾਂ ਜੋ ਨਿਤ ਦਿਨ ਵਾਪਰ ਰਹੇ ਹਾਦਸਿਆਂ 'ਤੇ ਕਾਬੂ ਪੈ ਸਕੇ। ਡੈਮੋਕ੍ਰੇਟਿਕ ਨਰੇਗਾ ਮਜ਼ਦੂਰ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਕੁਲਵਿੰਦਰ ਕੌਰ ਰਾਮਗੜ੍ਹ ਨੇ ਵੀ ਪਿਛਲੇ ਕਈ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਬਾਈਪਾਸ ਸੜਕ ਦਾ ਮੁੱਦਾ ਚੁੱਕਿਆ ਹੋਇਆ ਹੈ, ਦੇ ਬਾਵਜੂਦ ਕੋਈ ਵੀ ਪ੍ਰਸ਼ਾਸਨਿਕ ਅਧਿਕਾਰੀ ਜਾਂ ਸਰਕਾਰ ਦਾ ਨੁਮਾਇੰਦਾ ਇਸ ਮੁੱਦੇ ਵੱਲ ਉੱਕਾ ਹੀ ਧਿਆਨ ਨਹੀਂ ਦੇ ਰਿਹਾ। 'ਅਜੀਤ' ਪ੍ਰਤੀਨਿਧ ਨਾਲ ਫੋਨ 'ਤੇ ਗੱਲਬਾਤ ਕਰਦਿਆਂ ਕੁਲਵਿੰਦਰ ਕੌਰ ਰਾਮਗੜ੍ਹ ਨੇ ਕਿਹਾ ਕਿ ਅਨੇਕਾਂ ਕੀਮਤੀ ਇਨਸਾਨੀ ਜਾਨਾਂ ਜਾਣ ਦੇ ਬਾਵਜੂਦ ਵੀ ਸਰਕਾਰ ਜਾ ਸੰਬੰਧਿਤ ਮਹਿਕਮੇ ਦੇ ਅਧਿਕਾਰੀ ਇਸ ਮੁੱਦੇ ਵੱਲ ਕਿਉਂ ਨਹੀਂ ਧਿਆਨ ਦੇ ਰਹੇ ਇਸ ਨੂੰ ਲੈ ਕੇ ਲੋਕਾਂ ਵਿੱਚ ਭਾਰੀ ਰੋਸ ਹੈ। ਕੁਲਵਿੰਦਰ ਕੌਰ ਰਾਮਗੜ੍ਹ ਨੇ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਬਾਈਪਾਸ ਸੜਕ 'ਤੇ ਰੋਹਟੀ ਪੁਲ ਤੋਂ ਲੈ ਕੇ ਮਲੇਰਕੋਟਲਾ ਚੁੰਗੀ ਤੱਕ ਅਤੇ ਜੀਟੀਸੀ ਤੱਕ ਜਿੰਨੀਆਂ ਵੀ ਸੜਕ ਕਿਨਾਰੇ ਰੇਹੜੀਆਂ ਖੜੀਆਂ ਹਨ ਜਾਂ ਦੁਕਾਨਦਾਰਾਂ ਵਲੋਂ ਬਾਈਪਾਸ ਸੜਕ ਕਿਨਾਰੇ ਨਜਾਇਜ਼ ਕਬਜ਼ੇ ਕੀਤੇ ਹੋਏ ਹਨ ਉਨ੍ਹਾਂ ਨੂੰ ਤੁਰੰਤ ਹਟਾਇਆ ਜਾਵੇ ਤਾਂ ਜੋ ਨਿਤ ਦਿਨ ਵਾਪਰ ਰਹੇ ਹਾਦਸਿਆਂ ਤੋਂ ਛੁਟਕਾਰਾ ਮਿਲ ਸਕੇ। ਉਨ੍ਹਾਂ ਕਿਹਾ ਕਿ ਬੌੜਾਂ ਗੇਟ ਚੌਕ ਨੇੜੇ ਹਰ ਸਮੇਂ ਜਾਮ ਲੱਗਿਆ ਰਹਿੰਦਾ ਹੈ ਕਿਉਂ ਜੋ ਦੁਕਾਨਾਂ ਦੇ ਬਾਹਰ ਬਹੁ ਗਿਣਤੀ ਵਿਚ ਦੁਕਾਨਦਾਰਾਂ ਵਲੋਂ ਸਮਾਨ ਰੱਖਿਆ ਹੋਇਆ ਹੈ।



ਸੀਨੀਅਰ ਕੌਂਸਲਰ ਅਸ਼ੋਕ ਕੁਮਾਰ ਬਿੱਟੂ ਹਾਦਸੇ ਦੌਰਾਨ ਲੱਗੀਆਂ ਸੱਟਾਂ ਵਿਖਾਉਂਦੇ ਹੋਏ ਅਤੇ ਕੁਲਵਿੰਦਰ ਕੌਰ ਸੋਸ਼ਲ ਮੀਡੀਆ ਰਾਹੀਂ ਪ੍ਰਸ਼ਾਸਨ ਤੇ ਸਰਕਾਰ ਨੂੰ ਅਪੀਲ ਕਰਦੇ ਹੋਏ। ਨਾਭਾ ਟ੍ਰੈਫਿਕ ਪੁਲਿਸ ਦੇ ਇੰਚਾਰਜ ਥਾਣੇਦਾਰ ਸਾਹਿਬ ਸਿੰਘ ਗੱਲਬਾਤ ਕਰਦੇ ਹੋਏ। ਤਸਵੀਰਾਂ : ਜਗਨਾਰ ਸਿੰਘ ਦੁਲੱਦੀ

### ਕੀ ਕਹਿਣਾ ਹੈ ਟ੍ਰੈਫਿਕ ਪੁਲਿਸ ਦੇ ਇੰਚਾਰਜ ਦਾ....

ਜਦੋਂ ਬਾਈਪਾਸ ਸੜਕ 'ਤੇ ਵੱਧ ਰਹੇ ਹਾਦਸਿਆਂ ਸੰਬੰਧੀ ਟਰੈਫਿਕ ਇੰਚਾਰਜ ਥਾਣੇਦਾਰ ਸਾਹਿਬ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕਈ ਵਾਰ ਨਗਰ ਕੌਂਸਲ ਨੂੰ ਦੁਕਾਨਦਾਰਾਂ ਵਲੋਂ ਕੀਤੇ ਗਏ ਨਾਜਾਇਜ਼ ਕਬਜ਼ਿਆਂ ਅਤੇ ਸੜਕਾਂ ਕਿਨਾਰੇ ਖੜੀਆਂ ਰੇਹੜੀਆਂ ਸੰਬੰਧੀ ਲਿਖ ਕੇ ਭੇਜਿਆ ਹੈ ਦੇ ਬਾਵਜੂਦ ਨਗਰ ਕੌਂਸਲ ਦੇ ਅਧਿਕਾਰੀਆਂ ਵਲੋਂ ਕੋਈ ਵੀ ਹਾਂ ਪੱਖੀ ਹੁੰਗਾਰਾ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਨਾਭਾ ਬਾਈਪਾਸ ਸੜਕ ਉੱਪਰ ਵਾਪਰ ਰਹੇ ਹਾਦਸਿਆਂ ਸੰਬੰਧੀ ਉਨ੍ਹਾਂ ਨੇ ਉੱਚ ਅਧਿਕਾਰੀਆਂ ਨੂੰ ਵੀ ਲਿਖ ਕੇ ਭੇਜਿਆ ਹੈ ਤਾਂ ਜੋ ਬਾਈਪਾਸ ਸੜਕ ਤੇ ਸਪੀਡ ਬਰੇਕਰ ਬਣਾਉਣ ਦੇ ਨਾਲ ਨਾਲ ਟ੍ਰੈਫਿਕ ਨੂੰ ਕਾਬੂ ਕਰਨ ਲਈ ਟ੍ਰੈਫਿਕ ਲਾਈਟਾਂ ਵੀ ਲਗਾਈਆਂ ਜਾਣ ਇਸ ਨਾਲ ਵੀ ਹਾਦਸਿਆਂ ਵਿੱਚ ਕਮੀ ਆ ਸਕਦੀ ਹੈ। ਹੁਣ ਵੇਖਣ ਵਾਲੀ ਗੱਲ ਤਾਂ ਇਹ ਹੈ ਕਿ ਪ੍ਰਸ਼ਾਸਨ ਜਾਂ ਪੰਜਾਬ ਸਰਕਾਰ ਨਾਭਾ ਬਾਈਪਾਸ ਸੜਕ ਵੱਲ ਧਿਆਨ ਦੇਵੇਗੀ ਜਾ ਇਸੇ ਤਰ੍ਹਾਂ ਲੋਕ ਆਪਣੀਆਂ ਕੀਮਤੀ ਜਾਨਾਂ ਸੜਕ ਹਾਦਸਿਆਂ ਵਿੱਚ ਗਵਾਉਂਦੇ ਰਹਿਣਗੇ ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ....।

# ਸ਼੍ਰੋਮਣੀ ਅਕਾਲੀ ਦਲ ਵਲੋਂ ਸ਼ਹੀਦੀ ਨਗਰ ਕੀਰਤਨ ਦਾ ਅੱਜ ਪਾਤੜਾਂ ਇਲਾਕੇ 'ਚ ਕੀਤਾ ਜਾਵੇਗਾ ਸ਼ਰਧਾ ਨਾਲ ਸਵਾਗਤ-ਹਰਿਆਊ



ਜਗਮੀਤ ਸਿੰਘ ਹਰਿਆਉ ਜ਼ਿਲ੍ਹਾ ਦਿਹਾਤੀ ਪ੍ਰਧਾਨ ਅਕਾਲੀ ਦਲ

ਪਾਤੜਾਂ, 28 ਅਕਤੂਬਰ (ਜਗਦੀਸ਼ ਸਿੰਘ ਕੰਬੋਜ)-ਅਕਾਲੀ ਦਲ ਦੇ ਪਟਿਆਲਾ ਜ਼ਿਲ੍ਹਾ ਦਿਹਾਤੀ ਪ੍ਰਧਾਨ ਜਗਮੀਤ ਸਿੰਘ ਹਰਿਆਊ ਨੇ ਕਿਹਾ ਕਿ ਆਸਾਮ ਤੋਂ ਰਵਾਨਾ ਹੋ ਕੇ ਸ੍ਰੀ ਅਨੰਦਪੁਰ ਸਾਹਿਬ ਜਾ ਰਹੇ ਸ਼ਹੀਦੀ ਨਗਰ ਕੀਰਤਨ ਦਾ ਪਾਤੜਾਂ ਇਲਾਕੇ 'ਚ ਪੁੱਜਣ 'ਤੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਸਵਾਗਤ ਕੀਤਾ ਜਾਵੇਗਾ। ਹਰਿਆਊ ਨੇ ਕਿਹਾ ਕਿ ਕਸ਼ਮੀਰ ਦੇ ਪੰਡਤਾਂ ਦੀ ਪੁਕਾਰ ਸੁਣ ਕੇ ਉਨ੍ਹਾਂ ਦੇ ਤਿਲਕ ਜੰਜੂ ਨੂੰ ਬਚਾਉਣ ਲਈ ਦਿੱਲੀ 'ਚ ਜਾ ਕੇ ਸ਼ਹੀਦ ਹੋਏ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿਚ ਅਤੇ ਗੁਰੂ ਗੋਬਿਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋ ਕੇ ਤਖਤ ਸ੍ਰੀ ਅਨੰਦਪੁਰ ਸਾਹਿਬ ਜਾ ਰਿਹਾ ਹੈ। ਇਸ ਦਾ 29 ਅਕਤੂਬਰ ਨੂੰ ਦਿਨ ਦੇ ਕਰੀਬ 2 ਵਜੇ ਪਾਤੜਾਂ ਇਲਾਕੇ 'ਚ ਪੁੱਜਣ 'ਤੇ ਇਸ ਦਾ ਸਵਾਗਤ ਸਾਰੇ ਧਰਮਾਂ ਅਤੇ ਅਤੇ ਰਾਜਨੀਤਕ ਪੱਧਰ ਤੋਂ ਉੱਪਰ ਉੱਠ ਕੇ ਸਮੁੱਚੀ ਸੰਗਤ ਵਲੋਂ ਕੀਤਾ ਜਾ ਰਿਹਾ ਹੈ ਅਤੇ ਸੰਗਤਾਂ ਇਸ ਨਗਰ ਕੀਰਤਨ ਦੇ ਦਰਸ਼ਨ ਕਰਨ ਲਈ ਕਾਫੀ ਉਤਾਵਲੀਆਂ ਹਨ। ਉਨ੍ਹਾਂ ਕਿਹਾ ਕਿ ਇਸ ਨਗਰ ਕੀਰਤਨ ਦਾ ਪਿੰਡ ਖਾਨੇਵਾਲ ਤੋਂ ਪਟਿਆਲਾ ਜ਼ਿਲ੍ਹੇ ਵਿਚ ਦਾਖਿਲ ਹੋਣ 'ਤੇ ਇਲਾਕੇ ਦੀਆਂ ਸੰਗਤਾਂ ਵਲੋਂ ਬਹੁਤ ਹੀ ਸ਼ਾਨਦਾਰ ਸਵਾਗਤ ਕੀਤਾ ਜਾਵੇਗਾ ਜਦੋਂ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਕਾਲੇਕਾ ਨੇ ਦੱਸਿਆ ਕਿ ਪਾਤੜਾਂ ਵਿਖੇ ਪੁੱਜੇ ਨਗਰ ਕੀਰਤਨ ਦਾ ਬਹੁਤ ਹੀ ਸ਼ਰਧਾ ਨਾਲ ਜਿੱਥੇ ਸਵਾਗਤ ਕੀਤਾ ਜਾਵੇਗਾ ਉੱਥੇ ਹੀ ਨਗਰ ਕੀਰਤਨ 'ਚ ਸ਼ਾਮਿਲ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਇਸ ਮੌਕੇ ਗੁਰਬਚਨ ਸਿੰਘ ਮਾਨ, ਗੁਰਬਚਨ ਸਿੰਘ ਮੌਲਵੀਵਾਲਾ, ਅਜੈਬ ਸਿੰਘ ਮੱਲ੍ਹੀ, ਰਾਮ ਸਿੰਘ, ਬੰਟੀ ਗਿੱਲ, ਗੁਰਪਿੰਦਰ ਸਿੰਘ ਕਾਲੇਕਾ, ਕਰਨੈਲ ਸਿੰਘ ਸਾਬਕਾ ਸਰਪੰਚ, ਦਰਬਾਰਾ ਸਿੰਘ ਸਾਬਕਾ ਸਰਪੰਚ, ਜੋਗਿੰਦਰ ਸਿੰਘ ਭੁੱਲਰ ਆਦਿ ਮੌਜੂਦ ਸਨ।




ਜੇਤੂ ਟੀਮ ਟਰਾਫ਼ੀਆਂ ਨਾਲ। ਅਜੀਤ ਤਸਵੀਰ

# ਪਟਿਆਲਾ ਜ਼ੋਨ ਦੇ ਚਾਰ ਦਿਨਾਂ ਖੇਤਰੀ ਯੁਵਕ ਮੇਲੇ 'ਚ ਖ਼ਾਲਸਾ ਕਾਲਜ ਬਣਿਆ ਲਗਾਤਾਰ 17ਵੀਂ ਵਾਰ ਓਵਰਆਲ ਚੈਂਪੀਅਨ

ਪਟਿਆਲਾ, 28 ਅਕਤੂਬਰ (ਗੁਰਵਿੰਦਰ ਸਿੰਘ ਔਲਖ)-ਪੰਜਾਬੀ ਯੂਨੀਵਰਸਿਟੀ ਦੇ ਪਟਿਆਲਾ ਜੋਨ ਦੇ ਚਾਰ ਦਿਨਾਂ ਖੇਤਰੀ ਯੁਵਕ ਅਤੇ ਲੋਕ ਮੇਲੇ ਵਿਚ ਖ਼ਾਲਸਾ ਕਾਲਜ ਪਟਿਆਲਾ ਨੇ ਆਪਣੀ ਜੇਤੂ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ ਲਗਾਤਾਰ 17ਵੀਂ ਵਾਰ ਵੀ ਓਵਰਆਲ ਚੈਂਪੀਅਨ ਬਣਨ ਦਾ ਮਾਣ ਹਾਸਿਲ ਕੀਤਾ ਹੈ। ਵਰਨਣਯੋਗ ਹੈ ਕਿ ਇਹ ਸਮੁੱਚਾ ਚਾਰ ਦਿਨਾਂ ਖੇਤਰੀ ਯੁਵਕ ਮੇਲਾ ਡਾ. ਭੀਮ ਇੰਦਰ ਸਿੰਘ ਡਾਇਰੈਕਟਰ ਯੁਵਕ ਭਲਾਈ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਨਿੱਜੀ ਦੇਖ ਰੇਖ ਹੇਠ ਸਫਲਤਾ ਪੂਰਵਕ ਨੇਪਰੇ ਚੜ੍ਹਿਆ ਅਤੇ ਉਨ੍ਹਾਂ ਪ੍ਰਿੰਸੀਪਲ ਖ਼ਾਲਸਾ ਕਾਲਜ ਪਟਿਆਲਾ ਡਾ. ਧਰਮਿੰਦਰ ਸਿੰਘ ਉੱਭਾ ਨੂੰ ਚਾਰ ਦਿਨਾਂ ਖੇਤਰੀ ਯੁਵਕ ਮੇਲੇ ਵਿਚ ਓਵਰਆਲ ਚੈਂਪੀਅਨ ਬਣਨ 'ਤੇ ਮੁਬਾਰਕਬਾਦ ਵੀ ਦਿੱਤੀ। ਸਮਾਪਤੀ 'ਤੇ ਇਨਾਮ ਵੰਡ ਸਮਾਰੋਹ ਵਿਚ ਡਾ. ਜਗਦੀਪ ਸਿੰਘ ਵਾਇਸ ਚਾਂਸਲਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ ਅਤੇ ਆਪਣੇ ਕਰ ਕਮਲਾਂ ਨਾਲ ਡੀਨ ਸਭਿਆਚਾਰਕ ਸਰਗਰਮੀਆਂ ਖ਼ਾਲਸਾ ਕਾਲਜ ਪਟਿਆਲਾ ਡਾ. ਹਰਵਿੰਦਰ ਕੌਰ, ਅਧਿਆਪਕ ਅਤੇ ਵਿਦਿਆਰਥੀਆਂ ਨੂੰ ਇਸ ਜ਼ੋਨਲ ਖੇਤਰੀ ਯੁਵਕ ਮੇਲੇ ਦੌਰਾਨ ਓਵਰਆਲ ਚੈਂਪੀਅਨ ਰਹਿਣ ਤੇ ਟਰਾਫ਼ੀ ਪ੍ਰਦਾਨ ਕੀਤੀ। ਕਾਲਜ ਪ੍ਰਿੰਸੀਪਲ ਧਰਮਿੰਦਰ ਸਿੰਘ ਉੱਭਾ ਨੇ ਕਿਹਾ ਕਿ ਮੈਂ ਇਸ ਗੱਲ ਦਾ ਹਮੇਸ਼ਾ ਹੀ ਮੁੱਦਈ ਰਿਹਾ ਹਾਂ ਕਿ ਦੁਨੀਆ 'ਚ ਉਨ੍ਹਾਂ ਕੌਮਾਂ ਨੇ ਹੀ ਵੱਧ ਤਰੱਕੀ ਕੀਤੀ ਹੈ। ਜਿੱਥੇ ਆਉਣ ਵਾਲੀ ਪੀੜ੍ਹੀ ਪਹਿਲੀ ਦੀ ਨਿਸਬਤ ਵਧੇਰੇ ਮਿਹਨਤੀ ਹੋਵੇਗੀ। ਉਨ੍ਹਾਂ ਕਿਹਾ ਕਿ ਮੈਨੂੰ ਇਸ ਗੱਲ ਦੀ ਖ਼ੁਸ਼ੀ ਹੈ ਕਿ ਸਾਡੀਆਂ ਨਵੀਆਂ ਪੀੜ੍ਹੀਆਂ ਬਹੁਤ ਮਿਹਨਤੀ ਅਤੇ ਚੇਤਨ ਹਨ ਪਰ ਇਸ ਦੇ ਨਾਲ ਹੀ ਸਾਡਾ ਇਹ ਵੀ ਫ਼ਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਨੂੰ ਸਹੀ ਸੇਧ ਪ੍ਰਦਾਨ ਕਰੀਏ ਅਤੇ ਆਪਣੇ ਸਭਿਆਚਾਰ ਦੀ ਸਾਂਭ ਸੰਭਾਲ ਪ੍ਰਤੀ ਜਾਗਰੂਕ ਕਰੀਏ। ਇਸ ਮੌਕੇ ਉਨ੍ਹਾਂ ਡਾ. ਹਰਵਿੰਦਰ ਕੌਰ ਡੀਨ ਸਭਿਆਚਾਰਕ ਮਾਮਲੇ ਖ਼ਾਲਸਾ ਕਾਲਜ ਪਟਿਆਲਾ, ਵੱਖ-ਵੱਖ ਟੀਮਾਂ ਦੇ ਟੀਚਰ ਇੰਚਾਰਜ, ਕੋਚ ਸਾਹਿਬਾਨ, ਖ਼ਾਲਸਾ ਕਾਲਜ ਦੇ ਸਮੁੱਚੇ ਸਟਾਫ਼ ਅਤੇ ਵਿਦਿਆਰਥਣਾਂ ਨੂੰ ਓਵਰਆਲ ਚੈਂਪੀਅਨ ਬਣਨ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਡਾ. ਹਰਵਿੰਦਰ ਕੌਰ ਨੇ ਦੱਸਿਆ ਕਿ ਖ਼ਾਲਸਾ ਕਾਲਜ ਪਟਿਆਲਾ ਨੇ ਇਸ ਅੰਤਰੀ ਖੇਤਰੀ ਯੁਵਕ ਅਤੇ ਲੋਕ ਮੇਲੇ ਦੀਆਂ ਵੱਖ-ਵੱਖ 46 ਵੰਨਗੀਆਂ 'ਚ ਪੁਜ਼ੀਸ਼ਨ ਹਾਸਿਲ ਕੀਤੀ ਜਿਨ੍ਹਾਂ 'ਚ ਗਰੁੱਪ ਗੀਤ, ਗਰੁੱਪ ਸ਼ਬਦ, ਗ਼ਜ਼ਲ, ਕਲਾਸੀਕਲ ਵੋਕਲ, ਲੋਕ ਗੀਤ, ਫੋਕ ਆਰਕੈਸਟਰਾ, ਕਲੀ, ਕਵੀਸ਼ਰੀ, ਵਾਰ ਗਾਇਨ, ਲੁੱਡੀ, ਝੂਮਰ, ਤਬਲਾ, ਪੱਛਮੀ ਇੰਸਟਰੂਮੈਂਟਲ, ਸਕਿੱਟ, ਸਭਿਆਚਾਰਕ ਕੁਇਜ਼, ਪਰਾਂਦਾ, ਨਾਲਾ ਬੁਣਨਾ, ਕਢਾਈ, ਪੀੜ੍ਹੀ ਬੁਣਨੀ, ਮੁਹਾਵਰੇਦਾਰ ਵਾਰਤਾਲਾਪ, ਭੰਡ, ਨੁੱਕੜ ਨਾਟਕ, ਰੰਗੋਲੀ, ਮੌਕੇ 'ਤੇ ਚਿੱਤਰਕਾਰੀ, ਮਹਿੰਦੀ, ਫ਼ੋਟੋਗਰਾਫੀ ਤੇ ਕਾਰਟੂਨਿੰਗ ਡਿਬੇਟ ਵਿਚ, ਪਹਿਲ ਸਥਾਨ, ਪੱਛਮੀ ਗਰੁੱਪ, ਪੱਛਮੀ ਸੋਲੋ, ਲੋਕ ਸਾਜ਼, ਮਾਈਮ, ਕਰੋਸ਼ੀਆ, ਪੱਖੀ, ਰੱਸਾ, ਛਿੱਕੂ, ਟੋਕਰੀ, ਈਨੂੰ ਤੇ ਭਾਸ਼ਣ ਕਲਾ ਵਿਚ ਦੂਜਾ ਸਥਾਨ ਅਤੇ ਨਾਨ ਪ੍ਰਕਾਸ਼ਨ, ਗੀਤ, ਕੁਇਜ਼, ਗੁੱਡੀਆਂ ਪਟੋਲੇ, ਕੋਲਾਜ, ਇੰਸਟਾਲੇਸ਼ਨ ਅਤੇ ਮਿਮਿਕਰੀ ਵਿਚ ਤੀਜਾ ਸਥਾਨ ਹਾਸਲ ਕੀਤਾ। ਉਨ੍ਹਾਂ ਨੇ ਇਸ ਮੌਕੇ ਵੱਖ-ਵੱਖ ਟੀਮਾਂ ਦੇ ਟੀਚਰ ਇੰਚਾਰਜ, ਸਟਾਫ਼ ਮੈਂਬਰ ਅਤੇ ਵਿਦਿਆਰਥੀਆਂ ਦਾ ਪੂਰਨ ਸਹਿਯੋਗ ਦੇਣ ਲਈ ਵੀ ਧੰਨਵਾਦ ਕੀਤਾ।

# ਪੰਜਾਬੀ ਯੂਨੀਵਰਸਿਟੀ ਵਿਖੇ 1965 ਦੀ ਭਾਰਤ-ਪਾਕਿ ਜੰਗ ਦੀ ਡਾਇਮੰਡ ਜੁਬਲੀ 'ਤੇ ਕਰਵਾਇਆ ਰਾਸ਼ਟਰੀ ਸੈਮੀਨਾਰ

## * 1965 ਦੀ ਜੰਗ ਤੋਂ ਲਏ ਗਏ ਰਣਨੀਤਕ ਸਬਕ ਭਾਰਤ ਦੇ ਰਾਸ਼ਟਰੀ ਸੁਰੱਖਿਆ ਢਾਂਚੇ ਲਈ ਲਾਹੇਵੰਦ-ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ * ਭਾਰਤੀ ਹਥਿਆਰਬੰਦ ਸੈਨਾਵਾਂ ਜੰਗ ਨੂੰ ਪਸੰਦ ਨਹੀਂ ਕਰਦੀਆਂ, ਪਰ ਉਹ ਜੰਗਾਂ ਤੋਂ ਝਿਜਕਦੀਆਂ ਵੀ ਨਹੀਂ-ਡਾ. ਜਗਦੀਪ ਸਿੰਘ

ਪਟਿਆਲਾ, 28 ਅਕਤੂਬਰ (ਕੁਲਵੀਰ ਸਿੰਘ ਧਾਲੀਵਾਲ)-ਪੰਜਾਬੀ ਯੂਨੀਵਰਸਿਟੀ ਵਿਖੇ ਸੁਰੱਖਿਆ ਅਤੇ ਯੁੱਧਨੀਤੀ ਅਧਿਐਨ ਵਿਭਾਗ ਵਲੋਂ 1965 ਦੀ ਭਾਰਤ-ਪਾਕਿਸਤਾਨ ਜੰਗ ਦੀ ਸਿਲਵਰ ਜੁਬਲੀ ਨੂੰ ਸਮਰਪਿਤ ਰਾਸ਼ਟਰੀ ਪੱਧਰ ਦਾ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਗਿਆਨ ਸੇਤੂ ਥਿੰਕ ਟੈਂਕ ਅਤੇ ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ ਦੇ ਸਹਿਯੋਗ ਨਾਲ਼ ਕਰਵਾਇਆ ਗਿਆ। ਸੈਮੀਨਾਰ ਦੌਰਾਨ ਉੱਘੇ ਫੌਜੀ ਸੈਨਿਕਾਂ, ਰਣਨੀਤਕ ਮਾਹਿਰਾਂ, ਵਿਦਵਾਨਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਭਾਰਤ ਦੇ ਰਣਨੀਤਕ ਕਦਮਾਂ ਨੂੰ ਦਿਸ਼ਾ ਅਤੇ ਆਕਾਰ ਦੇਣ ਵਾਲੇ ਯੁੱਧ ਦੇ ਸੰਚਾਲਨ, ਭੂ-ਰਾਜਨੀਤਿਕ ਅਤੇ ਕੂਟਨੀਤਕ ਪਹਿਲੂਆਂ 'ਤੇ ਵਿਚਾਰ ਚਰਚਾ ਕੀਤੀ। ਸੈਮੀਨਾਰ ਦੇ ਉਦਘਾਟਨ ਸੈਸ਼ਨ ਵਿੱਚ ਫੌਜ ਦੀ ਪੱਛਮੀ ਕਮਾਂਡ ਦੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ਼ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ, ਪੀ.ਵੀ.ਐੱਸ. ਐੱਮ., ਯੂ.ਵਾਈ.ਐੱਸ. ਐੱਮ., ਏ.ਵੀ.ਐੱਸ.ਐੱਮ. ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਨਰਲ ਅਫ਼ਸਰ ਕਮਾਂਡਿੰਗ-ਇਨ-ਚੀਫ਼ ਮਨੋਜ ਕੁਮਾਰ ਨੇ 1965 ਦੀ ਜੰਗ ਤੋਂ ਲਏ ਗਏ ਰਣਨੀਤਕ ਸਬਕਾਂ ਅਤੇ ਭਾਰਤ ਦੇ ਰਾਸ਼ਟਰੀ ਸੁਰੱਖਿਆ ਢਾਂਚੇ ਲਈ ਉਨ੍ਹਾਂ ਦੀ ਸਥਾਈ ਪ੍ਰਸੰਗਿਕਤਾ ਦੇ ਵੱਖ-ਵੱਖ ਪਹਿਲੂਆਂ ਉੱਤੇ ਵਿਚਾਰ ਕੀਤਾ। ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਨਵੀਂ ਪੀੜ੍ਹੀ ਵਿਚ ਆਲੋਚਨਾਤਮਕ ਸਮਝ ਨੂੰ ਉਤਸ਼ਾਹਿਤ ਕਰਨ ਲਈ ਫੌਜੀ ਇਤਿਹਾਸ ਦਾ ਅਧਿਐਨ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਇਕ ਹੋਰ ਅਹਿਮ ਟਿੱਪਣੀ ਵਿਚ ਕਿਹਾ ਕਿ ਭਾਰਤੀ ਹਥਿਆਰਬੰਦ ਸੈਨਾਵਾਂ ਜੰਗ ਨੂੰ ਪਸੰਦ ਨਹੀਂ ਕਰਦੀਆਂ, ਪਰ ਉਹ ਜੰਗਾਂ ਤੋਂ ਝਿਜਕਦੀਆਂ ਵੀ ਨਹੀਂ। ਇਸ ਤੋਂ ਪਹਿਲਾਂ ਸੈਮੀਨਾਰ ਦੇ ਕੋਆਰਡੀਨੇਟਰ ਡਾ. ਉਮਰਾਓ ਸਿੰਘ ਨੇ ਸਵਾਗਤੀ ਭਾਸ਼ਣ ਦਿੱਤਾ ਜਿਸ ਉਪਰੰਤ ਲੈਫਟੀਨੈਂਟ ਜਨਰਲ (ਡਾ.) ਕੇ.ਜੇ. ਸਿੰਘ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ. ਅਤੇ ਬਾਰ (ਸੇਵਾਮੁਕਤ) ਨੇ ਵਿਸ਼ੇ ਨਾਲ਼ ਸੰਬੰਧਤ ਸ਼ੁਰੂਆਤੀ ਟਿੱਪਣੀਆਂ ਦਿੱਤੀਆਂ। ਲੈਫਟੀਨੈਂਟ ਜਨਰਲ ਟੀ.ਐੱਸ. ਸ਼ੇਰਗਿੱਲ, ਪੀ.ਵੀ.ਐੱਸ.ਐੱਮ., ਪੀਐੱਚ.ਡੀ. (ਸੇਵਾਮੁਕਤ), ਚੇਅਰਮੈਨ, ਮਿਲਟਰੀ ਲਿਟਰੇਚਰ ਫੈਸਟੀਵਲ ਐਸੋਸੀਏਸ਼ਨ, ਨੇ 1965 ਦੀ ਜੰਗ ਬਾਰੇ ਵਿਸ਼ਾਗਤ ਪੱਖ ਤੋਂ ਸੰਖੇਪ ਜਾਣਕਾਰੀ ਪੇਸ਼ ਕੀਤੀ। ਸੈਮੀਨਾਰ ਵਿਚ '1965 ਦੀ ਭਾਰਤ-ਪਾਕਿ ਜੰਗ: ਘਟਨਾਵਾਂ, ਯੋਜਨਾਵਾਂ ਅਤੇ ਸੰਚਾਲਨ' ਵਿਸ਼ੇ ਉੱਤੇ ਕਰਵਾਏ ਅਕਾਦਮਿਕ ਸੈਸ਼ਨ ਦੀ ਪ੍ਰਧਾਨਗੀ ਲੈਫਟੀਨੈਂਟ ਜਨਰਲ (ਡਾ.) ਕੇ.ਜੇ. ਸਿੰਘ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ. ਅਤੇ ਬਾਰ (ਰਿਟਾਇਰਡ) ਨੇ ਕੀਤੀ। ਇਸ ਅਕਾਦਮਿਕ ਸੈਸ਼ਨ ਦੇ ਪ੍ਰਮੁੱਖ ਬੁਲਾਰਿਆਂ ਵਿੱਚ ਲੈਫਟੀਨੈਂਟ ਜਨਰਲ ਐੱਨ.ਪੀ.ਐੱਸ. ਹੀਰਾ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ., ਐੱਸ. ਐੱਮ., ਐੱਮ-ਇਨ-ਡੀ, ਪੀਐੱਚ.ਡੀ. (ਰਿਟਾਇਰਡ), ਸ਼ਾਮਲ ਸਨ ਜਿਨ੍ਹਾਂ ਨੇ 1965 ਦੀ ਭਾਰਤ-ਪਾਕਿ ਜੰਗ ਦੇ ਪ੍ਰਕੋਪ ਵੱਲ ਲੈ ਜਾਣ ਵਾਲੀਆਂ ਘਟਨਾਵਾਂ ਬਾਰੇ ਪੇਸ਼ਕਾਰੀ ਦਿੱਤੀ। ਲੈਫਟੀਨੈਂਟ ਜਨਰਲ ਜੇ.ਐੱਸ. ਚੀਮਾ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ. ਵੀ. ਐੱਸ. ਐੱਮ.,ਪੀਐੱਚ.ਡੀ. (ਰਿਟਾਇਰਡ), ਨੇ 'ਕੋਰ ਵਿਚ ਜੰਗ ਅਤੇ ਸੰਚਾਲਨ ਦੀਆਂ ਉੱਚ ਦਿਸ਼ਾਵਾਂ' ਬਾਰੇ ਵਿਸਥਾਰ ਨਾਲ ਦੱਸਿਆ। ਮੇਜਰ ਜਨਰਲ ਬੀ.ਐੱਸ. ਗਰੇਵਾਲ, ਵੀ. ਐੱਸ. ਐੱਮ. (ਰਿਟਾਇਰਡ), ਨੇ 'ਸਿਆਲਕੋਟ ਸੈਕਟਰ ਵਿੱਚ ਸੰਚਾਲਨ' ਵਿਸ਼ੇ ਜਾਣਕਾਰੀ ਸਾਂਝੀ ਕੀਤੀ। ਦੂਜਾ ਅਕਾਦਮਿਕ ਸੈਸ਼ਨ 'ਭੂ-ਰਾਜਨੀਤਿਕ, ਭੂ-ਰਣਨੀਤਿਕ ਅਤੇ ਕੂਟਨੀਤਿਕ ਦਿਸ਼ਾਵਾਂ' ਵਿਸ਼ੇ 'ਤੇ ਆਯੋਜਿਤ ਕੀਤਾ ਗਿਆ। ਇਸ ਸੈਸ਼ਨ ਦਾ ਸੰਚਾਲਨ ਲੈਫਟੀਨੈਂਟ ਜਨਰਲ ਜੇ.ਐਸ. ਚੀਮਾ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ. ਵੀ.ਐਸ.ਐਮ., ਪੀਐਚ.ਡੀ. (ਸੇਵਾਮੁਕਤ) ਦੁਆਰਾ ਕੀਤਾ ਗਿਆ। ਬ੍ਰਿਗੇਡੀਅਰ ਓਂਕਾਰ ਸਿੰਘ ਗੋਰਾਇਆ (ਸੇਵਾਮੁਕਤ), ਜੀਐਸਓ3 6 ਮਾਊਂਟੇਨ ਡਿਵੀਜ਼ਨ ਚਵਿੰਡਾ (ਯੁੱਧ ਦੌਰਾਨ) ਅਤੇ 1965 ਦੀ ਜੰਗ ਦੌਰਾਨ ਹਾਜੀ ਪੀਰ ਵਿਖੇ ਤਾਇਨਾਤ ਸਿਗਨਲ ਕੋਰ ਤੋਂ ਬਿਗ. ਐੱਚ.ਐੱਸ. ਚਾਹਲ (ਸੇਵਾਮੁਕਤ) ਦੁਆਰਾ ਆਪਣੇ ਤਜਰਬੇ ਸਾਂਝੇ ਕੀਤੇ ਗਏ। ਡਾ. ਉਮਰਾਓ ਸਿੰਘ ਨੇ ਇਸ ਸੈਸ਼ਨ ਵਿਚ 'ਭੂ-ਰਾਜਨੀਤਿਕ ਅਤੇ ਕੂਟਨੀਤਿਕ ਦਿਸ਼ਵਾਂ' ਵਿਸ਼ੇ ਉੱਤੇ ਪੇਸ਼ਕਾਰੀ ਦਿੱਤੀ ਗਈ ਜਿਸ ਵਿਚ ਵਿਸ਼ਵ ਪੱਧਰ 'ਤੇ ਭੂ-ਰਾਜਨੀਤਿਕ ਗਤੀਸ਼ੀਲਤਾ ਅਤੇ ਉਸ ਸਮੇਂ ਦੀਆਂ ਮਹਾਨ ਸ਼ਕਤੀਆਂ ਦੀ ਭੂਮਿਕਾ ਨੂੰ ਉਜਾਗਰ ਕੀਤਾ ਗਿਆ। ਰੱਖਿਆ ਅਤੇ ਰਣਨੀਤਕ ਅਧਿਐਨ ਵਿਭਾਗ ਦੇ ਮੁਖੀ ਡਾ. ਕੇਵਲ ਕ੍ਰਿਸ਼ਨ ਵਲੋਂ ਦਿੱਤੇ ਧੰਨਵਾਦੀ ਭਾਸ਼ਣ ਨਾਲ਼ ਹੋਇਆ। ਇਹ ਸੈਮੀਨਾਰ 1965 ਦੀ ਭਾਰਤ-ਪਾਕਿ ਜੰਗ ਦੌਰਾਨ ਦਿਖਾਈ ਗਈ ਬਹਾਦਰੀ ਅਤੇ ਰਣਨੀਤਕ ਪ੍ਰਤਿਭਾ ਨੂੰ ਇੱਕ ਢੁਕਵੀਂ ਸ਼ਰਧਾਂਜਲੀ ਵਜੋਂ ਪੇਸ਼ ਕੀਤਾ ਗਿਆ ਅਤੇ ਭਾਰਤ ਦੀ ਫੌਜੀ ਵਿਰਾਸਤ ਨੂੰ ਸੁਰੱਖਿਅਤ ਰੱਖਣ ਅਤੇ ਰਾਸ਼ਟਰੀ ਚੇਤਨਾ ਨੂੰ ਮਜ਼ਬੂਤ ਕਰਨ ਵਿਚ ਅਕਾਦਮਿਕ ਅਤੇ ਰਣਨੀਤਕ ਸੰਸਥਾਵਾਂ ਦੀ ਮਹੱਤਵਪੂਰਨ ਭੂਮਿਕਾ ਦੀ ਪੁਸ਼ਟੀ ਕੀਤੀ।




ਪੰਜਾਬੀ ਯੂਨੀਵਰਸਿਟੀ ਵਿਖੇ ਕਮਾਂਡਿੰਗ-ਇਨ-ਚੀਫ਼ ਲੈਫਟੀਨੈਂਟ ਜਨਰਲ ਮਨੋਜ ਕੁਮਾਰ ਕਟਿਆਰ ਨੂੰ ਸਨਮਾਨਿਤ ਕਰਦੇ ਹੋਏ ਉਪ ਕੁਲਪਤੀ ਡਾ. ਜਗਦੀਪ ਸਿੰਘ ਨਾਲ ਅਧਿਆਪਕ। ਅਜੀਤ ਤਸਵੀਰ



ਪਰਾਲੀ ਸਾੜਨ ਰੋਕਥਾਮ ਡਿਊਟੀ ਦੌਰਾਨ ਨੋਡਲੇ ਅਫ਼ਸਰਾਂ ਨੂੰ ਫ਼ੀਲਡ 'ਚ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਐਸ. ਡੀ. ਐਮ. ਪਟਿਆਲਾ ਨੂੰ ਮੰਗ ਪੱਤਰ ਦਿੰਦੇ ਹੋਏ। ਅਜੀਤ ਤਸਵੀਰ

# ਪਰਾਲੀ ਸਾੜਨ ਰੋਕਥਾਮ ਡਿਊਟੀ ਦੌਰਾਨ ਨੋਡਲ ਅਫ਼ਸਰਾਂ ਨੂੰ ਫ਼ੀਲਡ 'ਚ ਆ ਰਹੀਆਂ ਸਮੱਸਿਆਵਾਂ ਸੰਬੰਧੀ ਮੰਗ ਪੱਤਰ ਸੌਂਪਿਆ

ਪਟਿਆਲਾ, 28 ਅਕਤੂਬਰ (ਧਰਮਿੰਦਰ ਸਿੰਘ ਸਿੱਧੂ)-ਪਰਾਲੀ ਸਾੜਨ ਰੋਕਥਾਮ ਡਿਊਟੀ ਦੌਰਾਨ ਨੋਡਲੇ ਅਫ਼ਸਰਾਂ ਨੂੰ ਫ਼ੀਲਡ 'ਚ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਅੱਜ ਐਸ.ਡੀ.ਐਮ. ਪਟਿਆਲਾ ਨੂੰ ਮੰਗ ਪੱਤਰ ਸੌਂਪਿਆ ਗਿਆ। ਅਫ਼ਸਰਾਂ ਨੇ ਦਸਿਆ ਕਿ ਡਿਊਟੀ ਦੇ ਦੌਰਾਨ ਨੋਡਲ ਅਫ਼ਸਰ ਆਪਣੇ ਦਫ਼ਤਰ ਅਤੇ ਰਿਹਾਇਸ਼ ਤੋਂ ਕਾਫੀ ਦੂਰ ਜਾ ਕੇ ਪਿੰਡਾਂ ਵਿੱਚ ਡਿਊਟੀ ਕਰ ਰਹੇ ਹਨ ਅਤੇ ਹਰ ਇੱਕ ਪਿੰਡ ਦਾ ਏਰੀਆ 10 ਤੋਂ 12 ਕਿਲੋਮੀਟਰ ਹੋਣ ਕਾਰਨ ਇੱਕ ਦਿਨ ਵਿੱਚ ਪੰਜ ਜਾਂ ਛੇ ਵਾਰ ਵਿਜ਼ਟ ਕਰਨੀ ਪੈਂਦੀ ਹੈ ਜਿਸ ਦੌਰਾਨ ਆਪਣੇ ਵਹੀਕਲ ਦਾ 150 ਰੁਪਏ ਤੋਂ ਲੈ ਕੇ 200 ਰੁਪਏ ਤੱਕ ਦਾ ਤੇਲ ਦਾ ਖਰਚਾ ਹੋ ਰਿਹਾ ਹੈ ਅਤੇ ਇਸ ਸਬੰਧੀ ਟੀਏ ਡੀਏ ਦੀ ਮੰਗ ਨੋਡਲ ਅਫ਼ਸਰਾਂ ਵਲੋਂ ਕੀਤੀ ਗਈ। ਉਨ੍ਹਾਂ ਦਸਿਆ ਕਿ ਜ਼ਿਆਦਾਤਰ ਪਿੰਡਾਂ ਦਾ ਰਕਬਾ ਬਹੁਤ ਜ਼ਿਆਦਾ ਹੈ ਅਤੇ ਇੱਕ ਨੋਡਲ ਅਫ਼ਸਰ ਨੂੰ ਨਿਗਰਾਨੀ ਕਰਨੀ ਔਖੀ ਹੈ। ਇਸ ਸੰਬੰਧੀ ਵੀ ਸੈਕੰਡ ਨੋਡਲ ਅਫ਼ਸਰ ਦੀ ਮੰਗ ਰੱਖੀ ਗਈ। ਨੋਡਲ ਅਫ਼ਸਰਾਂ ਨੂੰ ਬਗੈਰ ਕਿਸੇ ਛੁੱਟੀ ਜਾਂ ਹਫ਼ਤਾਵਾਰੀ ਰੈਸਟ ਤੋਂ ਡਿਊਟੀ ਕਰਨੀ ਪੈ ਰਹੀ ਹੈ ਕਿਸੇ ਦਿਨ ਤਿਉਹਾਰ 'ਤੇ ਵੀ ਛੁੱਟੀ ਨਹੀਂ ਮਿਲ ਰਹੀ, ਇਸ ਦੇ ਇਵਜ਼ ਵਿਚ ਕੰਪਨਸੇਟਰੀ ਛੁੱਟੀ ਦੇਣ ਦੀ ਮੰਗ ਵੀ ਐਸਡੀਐਮ ਪਟਿਆਲਾ ਕੋਲ ਕੀਤੀ ਗਈ। ਨੋਡਲ ਅਫ਼ਸਰਾਂ ਨੇ ਦਸਿਆ ਕਿ ਡਿਊਟੀ ਦੌਰਾਨ ਕਿਸਾਨਾਂ ਵੱਲੋਂ ਮਿਲਦੀਆਂ ਧਮਕੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਹਰੇਕ ਪਿੰਡ ਵਿਚ ਹਫ਼ਤੇ ਵਿੱਚ ਤਿੰਨ ਜਾਂ ਚਾਰ ਦਿਨ ਪੁਲਿਸ ਪੈਟਰੋਲਿੰਗ ਅਤੇ ਮੈਡੀਕਲ ਸਹੂਲਤ ਦੀ ਮੰਗ ਕੀਤੀ ਗਈ। ਉਨ੍ਹਾਂ ਹੋਰ ਕਿਹਾ ਕਿ ਕਿਸਾਨਾਂ ਨੂੰ ਪ੍ਰੋਪਰ ਖੇਤੀਬਾੜੀ ਦਾ ਸਮਾਨ ਜਿਵੇਂ ਕਿ ਐਸ.ਐਮ.ਐਸ. ਵਾਲੀ ਕੰਬਾਈਨ, ਸੁਪਰਸੀਡਰ ਅਤੇ ਬਾਇਲਰ ਗੱਠਾਂ ਬਣਾਉਣ ਵਾਲੀ ਮਸ਼ੀਨਰੀ ਆਦਿ ਦਾ ਪ੍ਰਬੰਧ ਯੋਜਨਾ ਵੱਧ ਤਰੀਕੇ ਨਾਲ ਕੀਤਾ ਜਾਵੇ ਤਾਂ ਜੋ ਕਿਸੇ ਵੀ ਕਿਸਾਨ ਨੂੰ ਮਸ਼ੀਨਰੀ ਦੀ ਕਮੀ ਕਰਕੇ ਪਰਾਲੀ ਨੂੰ ਅੱਗ ਨਾ ਲਾਉਣੀ ਪਵੇ। ਉਪ ਮੰਡਲ ਮਜਿਸਟਰੇਟ ਪਟਿਆਲਾ ਨੇ ਨੋਡਲ ਅਫ਼ਸਰਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਉਨ੍ਹਾਂ ਦੇ ਸਫਰੀ ਭੱਤੇ ਅਤੇ ਪੈਟਰੋਲ ਦੇ ਖਰਚੇ ਬਾਰੇ ਡਿਪਟੀ ਕਮਿਸ਼ਨਰ ਪਟਿਆਲਾ ਨਾਲ ਗੱਲ ਕਰਨਗੇ ਅਤੇ ਬਾਕੀ ਸਾਰੀਆਂ ਮੰਗਾਂ ਵਿਚਾਰ ਹਿਤ ਲਿਆਂਦੀਆਂ ਜਾਣਗੀਆਂ। ਇਸ ਮੌਕੇ ਜਗਸੀਰ ਸਿੰਘ, ਨਰਿੰਦਰ ਸਿੰਘ, ਜਸਪਾਲ ਸਿੰਘ ਜਗਦੀਸ਼ ਸਿੰਘ ਚੀਮਾ, ਜਗਦੀਸ਼ ਸਿੰਘ ਜੇ.ਈ., ਅਜੇ ਅਗਨੀਹੋਤਰੀ, ਆਜ਼ਾਦ ਸਿੰਘ, ਸਤਨਾਮ ਸਿੰਘ, ਬੀਰ ਸਿੰਘ, ਰਾਜ ਕੁਮਾਰ, ਰਾਜੀਵ ਸੂਦ, ਰੂਪ ਸਿੰਘ, ਕਵਲਨੈਣ ਸਿੰਘ, ਅਨਿਲ ਕੁਮਾਰ, ਜਗਦੀਪ ਸਿੰਘ ਅਤੇ ਨੋਡਲ ਅਫ਼ਸਰ ਨੇ ਮੰਗ ਪੱਤਰ ਐਸ.ਡੀ.ਐਮ. ਪਟਿਆਲਾ ਨੂੰ ਸੌਂਪਿਆ।

# ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ 'ਚ ਗਿਰਾਵਟ ਦੇ ਬਾਵਜੂਦ ਅੱਗ ਲਾਉਣ ਦਾ ਰੁਝਾਨ ਜਾਰੀ

## ਕਿਸਾਨਾਂ 'ਚ ਜਾਗਰੂਕਤਾ ਦੀ ਘਾਟ ਕਾਰਨ ਲਾਈ ਜਾ ਰਹੀ ਹੈ ਸ਼ਰ੍ਹੇਆਮ ਅੱਗ



ਰਾਜਪੁਰਾ ਨੇੜਲੇ ਪਿੰਡ ਵਿਚ ਖੇਤਾਂ ਵਿਚ ਪਰਾਲੀ ਨੂੰ ਅੱਗ ਲਾਉਣ ਕਾਰਨ ਅੱਗ ਦੀਆਂ ਲਪਟਾਂ ਅਤੇ ਪੈਦਾ ਹੋ ਰਿਹਾ ਧੂੰਆਂ। ਅਜੀਤ ਤਸਵੀਰ

ਰਾਜਪੁਰਾ, 28 ਅਕਤੂਬਰ (ਰਣਜੀਤ ਸਿੰਘ)-ਭਾਵੇਂ ਕਿ ਪੰਜਾਬ ਵਿਚ ਝੋਨੇ ਦੀ ਪਰਾਲੀ ਨੂੰ ਅੱਗ ਲਾਉਣ ਦੇ ਮਾਮਲਿਆਂ ਵਿਚ ਗਿਰਾਵਟ ਵੇਖਣ ਨੂੰ ਮਿਲੀ ਹੈ ਪਰ ਇਸ ਦੇ ਬਾਵਜੂਦ ਕਿਸਾਨਾਂ ਵਿਚ ਜਾਗਰੂਕਤਾ ਦੀ ਘਾਟ ਕਾਰਨ ਅੱਗਾਂ ਲਾਉਣ ਦਾ ਰੁਝਾਨ ਜਾਰੀ ਹੈ। ਇਸ ਸੰਬੰਧੀ ਕਿਸਾਨਾਂ ਨੂੰ ਕੈਂਪ ਲਾ ਕੇ ਜਾਗਰੂਕ ਕੀਤਾ ਜਾਣਾ ਚਾਹੀਦਾ ਹੈ ਜਿਸ ਦੀ ਕਾਫੀ ਜ਼ਿਆਦਾ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਜਾਣਕਾਰੀ ਮੁਤਾਬਿਕ ਭਾਵੇ ਕਿ ਬੀਤੇ ਵਰ੍ਹੇ ਦੇ ਮੁਕਾਬਲੇ ਐਤਕੀਂ ਪਰਾਲੀ ਨੂੰ ਅੱਗ ਲਾਉਣ ਦੇ ਮਾਮਲੇ ਘਟੇ ਹਨ ਪਰ ਪੂਰੀ ਸਖਤੀ ਦੇ ਬਾਵਜੂਦ ਵੀ ਹਾਲੇ ਤੱਕ ਚੰਗੀ ਤਰ੍ਹਾਂ ਨਾਲ ਠੱਲ੍ਹ ਨਹੀਂ ਪਾਈ ਜਾ ਸਕੀ। ਇਸ ਤਰ੍ਹਾਂ ਕਰਨ ਨਾਲ ਜਿਥੇ ਮਨੁੱਖੀ ਸਿਹਤ 'ਤੇ ਮਾੜਾ ਅਸਰ ਪੈਂਦਾ ਹੇ ਉੱਥੇ ਹੀ ਜ਼ਮੀਨ ਦੀ ਉਪਜਾਊ ਸ਼ਕਤੀ ਤੇ ਹਾਨੀਕਾਰਕ ਪ੍ਰਭਾਵ ਪੈਂਦਾ ਹੈ। ਪਰਾਲੀ ਨੂੰ ਅੱਗ ਲਾਉਣ ਦੇ ਨਾਲ ਗੰਭੀਰ ਮਾੜੇ ਪ੍ਰਭਾਵ ਪੈਂਦੇ ਹਨ। ਇਸ ਸੰਬੰਧੀ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਐਕਸੀਅਨ ਅਤੁਲ ਕੌਸ਼ਲ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਨੇ ਦੱਸਿਆ ਕਿ ਜ਼ਿਲ੍ਹੇ ਵਿਚ 15 ਸਤੰਬਰ ਤੋਂ 27 ਅਕਤੂਬਰ ਤੱਕ ਖੇਤਾਂ ਵਿਚ ਅੱਗ ਲਾਉਣ ਦੇ ਕੁੱਲ 46 ਮਾਮਲੇ ਰਿਕਾਰਡ ਕੀਤੇ ਗਏ ਹਨ ਜਦ ਕਿ ਬੀਤੇ ਵਰ੍ਹੇ ਇਹੀ ਗਿਣਤੀ ਕਰੀਬ 256 ਤੱਕ ਪੁੱਜ ਗਈ ਸੀ। ਜਾਣਕਾਰੀ ਮੁਤਾਬਿਕ ਖੇਤਾਂ ਵਿਚ ਪਰਾਲੀ ਨੂੰ ਅੱਗ ਲਾਉਣ ਕਾਰਨ ਵਾਤਾਵਰਨ ਪ੍ਰਦੂਸ਼ਣ ਅਤੇ ਵੱਡੀ ਮਾਤਰਾ ਵਿਚ ਕਾਰਬਨ ਮੋਨੋਆਕਸਾਇਡ ਕਾਰਬਨ ਡਾਈਆਕਸਾਈਡ, ਨਾਈਟ੍ਰੋਜਨ ਆਕਸਾਇਡ, ਸਲਫ਼ਰ ਡਾਈਆਕਸਾਈਡ ਅਤੇ ਖ਼ਾਸ ਕਰਕੇ ਬਾਰੀਕ ਕਣ ਪਦਾਰਥ ਪੈਦਾ ਹੁੰਦੇ ਹਨ। ਇਹ ਧੂੰਆ ਸ਼ਹਿਰ ਵਿਚ ਪਹੁੰਚ ਕੇ ਸਮੋਗ ਬਣਾਉਂਦਾ ਹੈ ਜਿਸ ਕਾਰਨ ਹਵਾ ਦੀ ਗੁਣਵੱਤਾ ਬਹੁਤ ਜ਼ਿਆਦਾ ਖ਼ਰਾਬ ਹੋ ਜਾਂਦੀ ਹੈ। ਜਦੋਂ ਵਾਤਾਵਰਨ ਵਿਚ ਅਸੀਂ ਸਾਹ ਲੈਂਦੇ ਹਾਂ ਤਾਂ ਪ੍ਰਦੂਸ਼ਿਤ ਹਵਾ ਕਾਰਨ ਸਾਹ ਦੀਆਂ ਬਿਮਾਰੀਆਂ ਅੱਖਾਂ ਵਿਚ ਜਲਨ, ਫੇਫੜਿਆਂ ਦਾ ਕੈਂਸਰ ਅਤੇ ਦਿਲ ਦੀਆਂ ਬਿਮਾਰੀਆਂ ਦਾ ਖ਼ਤਰਾ ਵੱਧ ਜਾਂਦਾ ਹੈ। ਕਈ ਕਿਸਾਨਾਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਪ੍ਰਸ਼ਾਸਨ ਵਲੋਂ ਕਿਸਾਨਾਂ ਲਈ ਲਾਏ ਜਾਂਦੇ ਜਾਗਰੂਕਤਾ ਕੈਂਪ ਜ਼ਿਆਦਾਤਰ ਕਾਗਜਾਂ ਵਿਚ ਹੀ ਲਾਏ ਜਾਂਦੇ ਹਨ। ਇਹ ਕੈਂਪ ਜਿਆਦਾਤਰ ਕਿਸੇ ਕਿਸਾਨ ਦੇ ਘਰੇ ਜਾਂ ਵੇਹੜੇ ਵਿਚ ਲਾ ਕੇ ਢੰਗ ਟਪਾਈ ਕਰਕੇ ਕਾਗਜ਼ਾਂ ਦਾ ਢਿੱਡ ਭਰਿਆਂ ਜਾਂਦਾ ਹੈ ਜਦ ਕਿ ਅਸਲੀਅਤ ਕੁਝ ਹੋਰ ਹੀ ਹੁੰਦੀ ਹੈ। ਇਸ ਸੰਬੰਧੀ ਐਸ.ਡੀ.ਐਮ. ਅਵਿਕੇਸ਼ ਗੁਪਤਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਨੇ ਫੋਨ ਨਹੀ ਚੁੱਕਿਆ।

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀ ਦਾ ਘਰ-ਘਰ ਸਵਾਗਤ

ਸਮਾਣਾ, 28 ਅਕਤੂਬਰ (ਸਾਹਿਬ ਸਿੰਘ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਥਾਨਕ ਗੁਰਦੁਆਰਾ ਸਤਿਸੰਗ ਸਭਾ ਘੜਾਮੀ ਪੱਤੀ ਵਲੋਂ ਰੋਜ਼ਾਨਾ ਅੰਮ੍ਰਿਤ ਵੇਲੇ ਪ੍ਰਭਾਤ ਫੇਰੀਆਂ ਕੱਢੀਆਂ ਜਾ ਰਹੀਆਂ ਹਨ। ਬੁੱਧਵਾਰ ਦਿਨ ਦੀ ਪ੍ਰਭਾਤ ਫੇਰੀ ਮਨਜੀਤ ਸਿੰਘ ਸਚਦੇਵਾ ਗਰੀਨ ਟਾਊਨ ਦੇ ਗ੍ਰਹਿ ਪਹੁੰਚੀ, ਜਿੱਥੇ ਪ੍ਰਭਾਤ ਫੇਰੀ 'ਚ ਸ਼ਾਮਲ ਸੰਗਤਾਂ 'ਤੇ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਉਨ੍ਹਾਂ ਦੇ ਗ੍ਰਹਿ ਗੁਰੂ ਘਰ ਦੇ ਰਾਗੀ ਸਿੰਘ ਬਾਬਾ ਗੁਰਦੀਪ ਸਿੰਘ ਬਾਵਾ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਪਰਿਵਾਰ ਦੀ ਚੜ੍ਹਦੀਕਲਾ ਲਈ ਅਰਦਾਸ ਬੇਨਤੀ ਕੀਤੀ। ਇਸ ਮੌਕੇ ਗੁਰਦੁਆਰਾ ਕਮੇਟੀ ਮੈਂਬਰ ਸੁਭਾਸ਼ ਪੰਜਰਥ, ਰਾਜਿੰਦਰ ਸਿੰਘ ਗੋਲਡੀ, ਮਨਮੋਹਨ ਸਿੰਘ ਤੁਲੀ, ਬੰਟੀ ਵੋਹਰਾ ਨੇ ਮਨਜੀਤ ਸਿੰਘ ਸਚਦੇਵਾ ਤੇ ਉਨ੍ਹਾਂ ਦੇ ਬੇਟਿਆਂ ਰਾਜਨ ਸਚਦੇਵਾ ਵਿਕੀ ਸਚਦੇਵਾ ਨੂੰ ਸਿਰੋਪਾਉ ਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਕੁਲਵਿੰਦਰ ਸਿੰਘ ਸਿੱਧੂ, ਸਰਬਜੀਤ ਸੋਨੀ, ਜਸਕਰਨ ਸਿੰਘ ਖ਼ਾਲਸਾ, ਭੁਪਿੰਦਰ ਸਿੰਘ ਹੰਜਰਾ, ਜੋਗਿੰਦਰ ਸਿੰਘ ਬਾਗ਼ੀ, ਠੇਕੇਦਾਰ ਬਲਦੇਵ ਸਿੰਘ ਅਤੇ ਲਵਜੋਤ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।


## ਪਛਾਣ ਲਈ ਅਪੀਲ



ਆਮ ਜਨਤਾ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਇਕ ਅਣਪਛਾਤਾ ਮਰੀਜ਼ ਨਾਂਅ ਧਨ ਸਿੰਘ ਪੁੱਤਰ ਲਾਲ ਬਹਾਦਰ, ਉਮਰ 60 ਸਾਲ, ਨਿਵਾਸੀ ਨਾਮਾਲੂਮ, ਰੰਗ ਕਣਕਵੰਨਾ ਅਤੇ ਹਰੇ ਰੰਗ ਦਾ ਕੁੜਤਾ ਪਜਾਮਾ ਪਹਿਨੇ ਹੋਏ ਨੂੰ ਸੀ ਆਰ ਨੰ. 2025 051778 ਦੁਆਰਾ ਜੀ ਐਮ ਐਸ ਐਚ-16 ਚੰਡੀਗੜ੍ਹ ਵਿਚ ਬੇਹੋਸ਼ੀ ਦੀ ਹਾਲਤ ਵਿਚ ਦਾਖ਼ਲ ਕਰਾਇਆ ਗਿਆ ਸੀ, ਜਿਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਸੰਬੰਧੀ ਇਕ ਡੀ ਡੀ ਆਰ ਨੰ. 61, ਮਿਤੀ 23.10.2025 ਧਾਰਾ 194 ਬੀ ਐਨ ਐਸ ਐਸ ਅਧੀਨ ਪੁਲਿਸ ਸਟੇਸ਼ਨ ਮਲੋਆ ਚੰਡੀਗੜ੍ਹ ਵਿਚ ਦਰਜ ਕੀਤੀ ਗਈ ਸੀ। ਮ੍ਰਿਤਕ ਦੇ ਕਾਨੂੰਨੀ ਵਾਰਸਾਂ ਸੰਬੰਧੀ ਕੁਝ ਪਤਾ ਨਹੀਂ। ਉਸ ਦੀ ਫੋਟੋ ਉੱਪਰ ਦਿੱਤੀ ਗਈ ਹੈ।

ਜੇਕਰ ਕਿਸੇ ਵਿਅਕਤੀ ਨੂੰ ਮ੍ਰਿਤਕ ਦੇ ਕਾਨੂੰਨੀ ਵਾਰਸਾਂ ਦੇ ਥਹੁ-ਟਿਕਾਣੇ ਸੰਬੰਧੀ ਕੋਈ ਜਾਣਕਾਰੀ/ਸੁਰਾਗ ਹੈ ਤਾਂ ਕ੍ਰਿਪਾ ਕਰਕੇ ਐਸ ਐਚ ਓ ਪੁਲਿਸ ਸਟੇਸ਼ਨ, ਮਲੋਆ, ਚੰਡੀਗੜ੍ਹ ਨੂੰ ਫੋਨ ਨੰ. 9779580947, 0172-2643213, 2617006 ਅਤੇ ਪੁਲਿਸ ਕੰਟਰੋਲ ਫੋਨ ਨੰ. 0172-2749194 ਜਾਂ 112 'ਤੇ ਸੂਚਿਤ ਕਰੋ।

ਏ-190 ਚੰਡੀਗੜ੍ਹ ਪੁਲਿਸ

## ਸਮੱਗਰਾ ਸ਼ਿਕਸ਼ਾ, ਚੰਡੀਗੜ੍ਹ

ਤੀਸਰੀ ਮੰਜ਼ਿਲ, ਅਡੀਸ਼ਨਲ ਡੀਲਕਸ ਬਿਲਡਿੰਗ, ਸੈਕਟਰ-9 ਡੀ, ਚੰਡੀਗੜ੍ਹ

**ਟਰੇਂਡ ਗਰੈਜੂਏਟ ਟੀਚਰਜ਼ (ਟੀ ਜੀ ਟੀ) ਦੀ ਅਸਾਮੀ ਲਈ ਲਿਖਤੀ ਪ੍ਰੀਖਿਆ ਲਈ ਨੋਟਿਸ**

ਸਮੱਗਰਾ ਸ਼ਿਕਸ਼ਾ ਚੰਡੀਗੜ੍ਹ ਦੁਆਰਾ ਇਸ਼ਤਿਹਾਰ ਨੰ. 2, 2025 ਦੁਆਰਾ ਟਰੇਂਡ ਗਰੈਜੂਏਟ ਟੀਚਰਜ਼ (ਟੀ ਜੀ ਟੀ) ਦੀਆਂ ਅਸਾਮੀਆਂ ਲਈ ਆਨਲਾਈਨ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ। ਆਨਲਾਈਨ ਬਿਨੈਪੱਤਰ ਪੇਸ਼ ਕਰਨ ਲਈ ਅੰਤਿਮ ਮਿਤੀ 05.09.2025 ਸੀ। ਲਿਖਤੀ ਪ੍ਰੀਖਿਆ ਲਈ ਸਿਲੇਬਸ ਪਹਿਲਾਂ ਹੀ ਵੈੱਬਸਾਈਟ ਅਰਥਾਤ ssachd.nic.in 'ਤੇ ਅਪਲੋਡ ਕੀਤਾ ਗਿਆ ਹੈ।

ਇਹ ਸਾਰੇ ਬਿਨੈਕਾਰਾਂ ਦੀ ਜਾਣਕਾਰੀ ਲਈ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਟੀ ਜੀ ਟੀ ਦੀਆਂ ਅਸਾਮੀਆਂ ਲਈ ਲਿਖਤੀ ਪ੍ਰੀਖਿਆ ਹੇਠਾਂ ਲਿਖੇ ਸ਼ਡਿਊਲ ਦੇ ਅਨੁਸਾਰ ਆਯੋਜਿਤ ਕੀਤੀ ਜਾਵੇਗੀ।

| ਮਿਤੀ ਅਤੇ ਸਮਾਂ | ਵਿਸ਼ੇ |
|---|---|
| 23.11.2025 (ਐਤਵਾਰ) ਸਵੇਰੇ 9.30 ਵਜੇ ਤੋਂ ਤੋਂ ਦੁਪਹਿਰ 12.00 ਵਜੇ ਤੱਕ | ਟੀ ਜੀ ਟੀ ਸਾਇੰਸ (ਨਾਨ-ਮੈਡੀਕਲ) ਟੀ ਜੀ ਟੀ ਪੰਜਾਬੀ |
| 23.11.2025 (ਐਤਵਾਰ), ਬਾਅਦ ਦੁਪਹਿਰ 2.30 ਵਜੇ ਤੋਂ ਸ਼ਾਮ 5.00 ਵਜੇ ਤੱਕ | ਟੀ ਜੀ ਟੀ ਮੈਥੇਮੈਟਿਕਸ ਟੀ ਜੀ ਟੀ ਸਾਇੰਸ (ਮੈਡੀਕਲ) ਟੀ ਜੀ ਟੀ ਸ਼ੋਸ਼ਲ ਸਟੱਡੀਜ਼/ਜਿਓਗ੍ਰਾਫੀ |
| 30.11.2025 (ਐਤਵਾਰ) ਸਵੇਰੇ 9.30 ਵਜੇ ਤੋਂ ਦੁਪਹਿਰ 12.00 ਵਜੇ ਤੱਕ | ਟੀ ਜੀ ਟੀ ਇੰਗਲਿਸ਼ |
| 30.11.2025 (ਐਤਵਾਰ) ਬਾਅਦ ਦੁਪਹਿਰ 2.30 ਵਜੇ ਤੋਂ ਸ਼ਾਮ 5.00 ਵਜੇ ਤੱਕ | ਟੀ ਜੀ ਟੀ ਹਿੰਦੀ |

ਈ-ਐਡਮਿਟ ਕਾਰਡ ਦੀ ਡਾਊਨਲੋਡਿੰਗ ਅਤੇ ਉੱਤਰ ਕੁੰਜੀ ਵਿਰੁੱਧ ਇਤਰਾਜ਼ਾਂ ਦੇ ਪੇਸ਼ ਕਰਨ ਲਈ ਸ਼ਡਿਊਲ ਹੇਠ ਲਿਖੇ ਅਨੁਸਾਰ ਹੋਵੇਗਾ:-

| ਅਸਾਮੀ ਦਾ ਨਾਂਅ | ਈ ਐਡਮਿਟ ਕਾਰਡ ਦੀ ਡਾਊਨਲੋਡਿੰਗ | ਉਮੀਦਵਾਰਾਂ ਦੁਆਰਾ ਇਤਰਾਜ਼ਾਂ ਦੇ ਪੇਸ਼ ਕਰਨ ਲਈ ਉੱਤਰ ਕੁੰਜੀ ਦੀ ਅਪਲੋਡਿੰਗ |
|---|---|---|
| ਟੀ ਜੀ ਟੀ ਸਾਇੰਸ (ਨਾਨ-ਮੈਡੀਕਲ) ਟੀ ਜੀ ਟੀ ਪੰਜਾਬੀ | 17.11.2025 (ਸ਼ਾਮ 05.00 ਵਜੇ ਤੋਂ) | 25.11.2025 ਸਵੇਰੇ 11.00 ਵਜੇ (ਇਤਰਾਜ਼ 27.11.2025 ਬਾ: ਦੁ: 2.00 ਵਜੇ ਤੱਕ ਪੇਸ਼ ਕੀਤੇ ਜਾ ਸਕਦੇ ਹਨ) |
| ਟੀ ਜੀ ਟੀ ਮੈਥੇਮੈਟਿਕਸ, ਟੀ ਜੀ ਟੀ ਸਾਇੰਸ (ਮੈਡੀਕਲ), ਟੀ ਜੀ ਟੀ ਸੋਸ਼ਲ ਸਟੱਡੀਜ਼/ਜਿਓਗ੍ਰਾਫੀ | | |
| ਟੀ ਜੀ ਟੀ ਇੰਗਲਿਸ਼ | 24.11.2025 (ਸ਼ਾਮ 05.00 ਵਜੇ ਤੋਂ) | 02.12.2025 ਸਵੇਰੇ 11.00 ਵਜੇ (ਇਤਰਾਜ਼ 04.12.2025 ਬਾ: ਦੁ: 2.00 ਵਜੇ ਤੱਕ ਪੇਸ਼ ਕੀਤੇ ਜਾ ਸਕਦੇ ਹਨ। |
| ਟੀ ਜੀ ਟੀ ਹਿੰਦੀ | | |

ਇੱਥੇ ਇਹ ਦੁਹਰਾਇਆ ਜਾਂਦਾ ਹੈ ਕਿ ਸਿਰਫ ਲਿਖਤੀ ਪ੍ਰੀਖਿਆ ਵਿਚ ਸ਼ਾਮਿਲ ਹੋਣ ਨਾਲ ਉਮੀਦਵਾਰ ਨੂੰ ਨਿਯੁਕਤੀ ਦਾ ਕੋਈ ਅਧਿਕਾਰ ਨਹੀਂ ਮਿਲਦਾ। ਉਮੀਦਵਾਰਾਂ ਨੂੰ ਸਲਾਹ ਹੈ ਕਿ ਉਹ ਇਹ ਯਕੀਨੀ ਬਣਾਉਣ ਕਿ ਉਹ ਬਿਨੈ ਕੀਤੀ ਗਈ ਅਸਾਮੀ ਲਈ ਯੋਗਤਾ ਸ਼ਰਤਾਂ ਪੂਰੀਆਂ ਕਰਦੇ ਹਨ।

ਸਥਾਨ: ਚੰਡੀਗੜ੍ਹ
ਮਿਤੀ: 28.10.2025

ਸਹੀ/-
ਸਟੇਟ ਪ੍ਰੋਜੈਕਟ ਡਾਇਰੈਕਟਰ
ਸਮੱਗਰਾ ਸ਼ਿਕਸ਼ਾ,
ਚੰਡੀਗੜ੍ਹ।